# ਜ਼ਿਲ੍ਹਾ ਸੈਨਿਕ ਭਲਾਈ ਅਫ਼ਸਰ ਮਾਨਸਾ

ਇਹ ਦਫ਼ਤਰ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਮਾਨਸਾ ਵਿਖੇ ਸਥਿਤ ਹੈ। ਮਹੱਤਵਪੂਰਨ ਸਕੀਮਾਂ ਅਤੇ ਸਹੂਲਤਾਂ ਨਿਮਨਲਿਖਤ ਅਨੁਸਾਰ ਹਨ :-

***ਮਹੱਤਵਪੂਰਨ ਸਕੀਮਾਂ ਅਤੇ ਸਹੂਲਤਾਂ:***

***1. ਐਕਸ ਗਰੇਸ਼ੀਆ ਗਰਾਂਟ:-***

| | ***ਰਾਸ਼ੀ*** | |
|---|---|---|
| ਸ਼੍ਰੇਣੀ | ਮਾਰੇ ਗਏ ਜਾਂ 50% ਤੋਂ ਵੱਧ ਨਕਾਰਾ ਹੋਣ ਤੇ | 20% ਤੋਂ 50% ਨਕਾਰਾ ਹੋਣ ਤੇ |
| ਆਫੀਸਰਜ਼ | 25000/- ਰੁਪਏ | 12500/- ਰੁਪਏ |
| ਜੇ.ਸੀ.ਓ. | 15000/- ਰੁਪਏ | 7500/- ਰੁਪਏ |
| | 10000/- ਰੁਪਏ | 5000/- ਰੁਪਏ |

*ਸ਼ਰਤਾਂ:*

ਮਿਤੀ 1-1-99 ਤੋਂ ਪਹਿਲਾਂ ਦੇ ਓਪਰੇਸ਼ਨ ਮੇਘਦੂਤ ਅਤੇ ਰਕਸ਼ਕ ਦੌਰਾਨ ਸ਼ਹੀਦ ਹੋਏ ਜਾਂ ਜ਼ਖਮੀ ਹੋਏ ਜਵਾਨਾਂ ਨੂੰ ਐਕਸ ਗਰੇਸੀਆ ਗਰਾਂਟ ਉਕਤ ਅਨੁਸਾਰ ਦਿੱਤੀ ਜਾਂਦੀ ਹੈ।

*ਪ੍ਰਾਪਤ ਕਰਨ ਦੀ ਵਿਧੀ:*

ਲਾਭਪਾਤਰੀ ਨੂੰ ਨਿਰਧਾਰਿਤ ਫਾਰਮ ਤੇ ਹੇਠ ਲਿਖੇ ਦਸਤਾਵੇਜ਼ਾਂ ਸਮੇਤ ਇਸ ਦਫ਼ਤਰ ਨੂੰ ਪਹੁੰਚ ਕਰਨੀ ਬਣਦੀ ਹੈ। ਇਹ ਫਾਰਮ ਇਸ ਦਫ਼ਤਰ ਤੋਂ ਮੁਫ਼ਤ ਪ੍ਰਾਪਤ ਕੀਤਾ ਜਾ ਸਕਦਾ ਹੈ।

(ੳ) ਅਰਜ਼ੀ ਫਾਰਮ
(ਅ) ਲੜਾਈ ਦੌਰਾਨ ਹੋਈਆਂ ਮੌਤਾਂ ਦੀ ਰਿਪੋਰਟ (ਸਬੰਧਿਤ ਯੂਨਿਟ ਤੋਂ ਮੂਲ ਰੂਪ ਵਿੱਚ)
(ੲ) ਮੈਡੀਕਲ ਸਰਟੀਫਿਕੇਟ (ਲਾਸਟ ਮੈਡੀਕਲ ਬੋਰਡ ਪਰੋਸੀਡਿੰਗ ਵਲੋਂ ਸਬੰਧਿਤ ਸਰਵਿਸ ਹਸਪਤਾਲ)
(ਸ) ਹਲਫੀਆ ਬਿਆਨ (ਮੈਜਿਸਟਰੇਟ ਤੋਂ ਤਸਦੀਕ ਕੀਤਾ ਹੋਇਆ)

***2. ਐਕਸ ਗਰੇਸ਼ੀਆ ਗਰਾਂਟ ਮਿਤੀ 1-1-99 ਤੋਂ ਬਾਅਦ ਵਿੱਚ ਵੱਖ-ਵੱਖ ਓਪਰੇਸ਼ਨਾਂ ਦੌਰਾਨ ਸ਼ਹੀਦ ਹੋਏ ਅਫ਼ਸਰਾਂ/ਜਵਾਨਾਂ ਦੇ ਆਸ਼ਰਤਾਂ ਨੂੰ***

| ਪਾਤਰਤਾ | ਰਾਸ਼ੀ |
|---|---|
| ਮਾਰੇ ਗਏ ਜਾਂ 75% ਤੋਂ 100% ਨਕਾਰਾ ਹੋਣ ਤੇ | 2 ਲੱਖ ਰੁਪਏ |
| 50% ਤੋਂ 75% ਦਰਮਿਆਨ ਨਕਾਰਾ ਹੋਣ ਤੇ | 1 ਲੱਖ ਰੁਪਏ |
| 25% ਤੋਂ 50% ਦਰਮਿਆਨ ਨਕਾਰਾ ਹੋਣ ਤੇ | 0.50 ਲੱਖ ਰੁਪਏ |

*ਪ੍ਰਾਪਤ ਕਰਨ ਦੀ ਵਿਧੀ:* ਪੈਰਾ ਨੰਬਰ 1 ਅਨੁਸਾਰ

3. *ਪਲਾਟ/ਮਕਾਨ*

*ਪਾਤਰਤਾ:* ਸ਼ਹੀਦ ਹੋਏ ਜਾਂ **75%** ਤੋਂ **100%** ਨਕਾਰਾ ਹੋਣ ਤੇ **5** ਲੱਖ ਰੁਪਏ ਨਕਦ ਜਾ ਪੁੱਡਾ ਵੱਲੋਂ ਰਿਜ਼ਰਵ ਕੀਮਤ ਤੇ ਪਲਾਟ ਅਲਾਟ ਹੋਣ ਤੇ **5** ਲੱਖ ਰੁਪਏ ਦੀ ਰਾਸ਼ੀ ਪੁੱਡਾ ਨੂੰ ਦਿੱਤੀ ਜਾਂਦੀ ਹੈ।

*ਪ੍ਰਾਪਤ ਕਰਨ ਦੀ ਵਿਧੀ: ਪੈਰਾ ਨੰਬਰ 1 ਅਨੁਸਾਰ*

4. *ਵਿੱਤੀ ਸਹਾਇਤਾ*

*ਪਾਤਰਤਾ:* ਮਿਤੀ **1-1-99** ਤੋਂ ਬਾਅਦ ਵੱਖ-ਵੱਖ ਓਪਰੇਸ਼ਨਾਂ ਦੌਰਾਨ ਸ਼ਹੀਦ ਹੋਏ ਅਫ਼ਸਰਾਂ/ਜਵਾਨਾਂ ਦੇ ਮਾਪਿਆਂ ਨੂੰ **2** ਲੱਖ ਰੁਪਏ ਦੀ ਵਾਧੂ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ।

*ਪ੍ਰਾਪਤ ਕਰਨ ਦੀ ਵਿਧੀ: ਪੈਰਾ ਨੰਬਰ 1 ਅਨੁਸਾਰ*

5. *ਪੁਰਸ਼ਕਾਰ ਵਿਜੇਤਾਵਾਂ ਨੂੰ ਨਕਦ ਇਨਾਮ ਸਲਾਨਾ ਐਨੂਇਟੀ ਅਤੇ ਜ਼ਮੀਨ ਦੇ ਬਦਲੇ ਨਕਦ ਰਾਸ਼ੀ ਦੇਣ ਬਾਰੇ :*

ਹੇਠ ਲਿਖੇ ਪੁਰਸ਼ਕਾਰ ਪ੍ਰਾਪਤ ਸੈਨਿਕਾਂ/ਸਾਬਕਾ ਸੈਨਿਕਾਂ ਨੂੰ ਪੁਰਸਕਾਰਾਂ ਲਈ ਉਹਨਾਂ ਸਾਹਮਣੇ ਦਰਸਾਏ ਅਨੁਸਾਰ ਨਕਦ ਇਨਾਮ/ਸਲਾਨਾ ਐਨੂਇਟੀ ਅਤੇ ਜ਼ਮੀਨ ਦੇ ਬਦਲੇ ਨਕਦ ਰਾਸ਼ੀ ਦੀ ਅਦਾਇਗੀ ਕੀਤੀ ਜਾਂਦੀ ਹੈ।

| *ਅਵਾਰਡ ਦਾ ਨਾਂ* | *ਨਕਦ ਰਾਸ਼ੀ* | *ਸਲਾਨਾ ਐਨੂਇਟੀ* | *ਜ਼ਮੀਨ ਦੇ ਬਦਲੇ ਨਕਦ ਰਾਸ਼ੀ* |
|---|---|---|---|
| ਪਰਮਵੀਰ ਚੱਕਰ | 22,500 ਰੁ: | 4,200/- ਰੁ: | 1,50,000/- ਰੁ: |
| ਅਸ਼ੋਕ ਚੱਕਰ | 20,000 ਰੁ: | 3,900/- ਰੁ: | 1,25,000/- ਰੁ: |
| ਸਰਵੋਤਮ ਯੁੱਧ ਸੇਵਾ ਮੈਡਲ | 17,000 ਰੁ: | 1,200/- ਰੁ: | 1,10,000/- ਰੁ: |
| ਪੀ.ਵੀ.ਐਸ.ਐਮ. | 15,000 ਰੁ: | 2,400/- ਰੁ: | 1,00,000/- ਰੁ: |
| ਮਹਾਵੀਰ ਚੱਕਰ | 15,000 ਰੁ: | 3,300/- ਰੁ: | 1,00,000/- ਰੁ: |
| ਕੀਰਤੀ ਚੱਕਰ | 12,000 ਰੁ: | 3,000/- ਰੁ: | 75,000/- ਰੁ: |
| ਉੱਤਮ ਯੁੱਧ ਸੇਵਾ ਮੈਡਲ | 10,000 ਰੁ: | 1,200/- ਰੁ: | 65,000/- ਰੁ: |
| ਏ.ਵੀ.ਐਸ.ਐਮ. | 7,000 ਰੁ: | 2,100/- ਰੁ: | 50,000/- ਰੁ: |
| ਵੀਰ ਚੱਕਰ | 7,000 ਰੁ: | 2,400/- ਰੁ: | 50,000/- ਰੁ: |
| ਸ਼ੋਰੀਆ ਚੱਕਰ | 5,000 ਰੁ: | 2,100/- ਰੁ: | 40,000/- ਰੁ: |
| ਯੁੱਧ ਸੇਵਾ ਦਲ | 4,000 ਰੁ: | 1,200/- ਰੁ: | 30,000/- ਰੁ: |
| ਸੈਨਾ, ਨੌਸੈਨਾ, ਵਾਯੂ ਸੈਨਾ ਮੈਡਲ | 3,000 ਰੁ: | 1,200/- ਰੁ: | 20,000/- ਰੁ: |
| ਵੀ.ਐਸ.ਐਮ. | 3,000 ਰੁ: | 1,800/- ਰੁ: | 20,000/- ਰੁ: |
| ਮੈਨਸ਼ਨ ਇਨ ਡਿਸਪੈਚ | 2,000 ਰੁ: | 1,200/- ਰੁ: | 10,000/- ਰੁ: |

*ਪਾਤਰਤਾ:* ਕੋਈ ਵੀ ਸੈਨਿਕ/ਸਾਬਕਾ ਸੈਨਿਕ ਜਿਸ ਨੇ ਉਪਰੋਕਤ ਵਿੱਚੋਂ ਕੋਈ ਵੀ ਪੁਰਸਕਾਰ ਪ੍ਰਾਪਤ ਕੀਤਾ ਹੋਵੇ ਇਹ ਲਾਭ ਲੈਣ ਦਾ ਲਾਭ ਪਾਤਰ ਬਣਦਾ ਹੈ।

*ਪ੍ਰਾਪਤ ਕਰਨ ਦੀ ਵਿਧੀ:* ਲਾਭ ਪਾਤਰੀ ਵੱਲੋਂ ਹੇਠ ਲਿਖੇ ਦਾਸਤਾਵੇਜ਼ ਪੇਸ਼ ਕਰਨ ਤੇ ਇਹ ਲਾਭ ਪ੍ਰਾਪਤ ਕੀਤਾ ਜਾ ਸਕਦਾ ਹੈ।

ੳ) ਅਰਜ਼ੀ ਫਾਰਮ (ਨਿਰਧਾਰਿਤ ਪ੍ਰੋਫਾਰਮਾ) ਤੇ ਜੋ ਇਸ ਦਫ਼ਤਰ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ।
ਅ) ਪੰਜਾਬ ਡੋਮੀਸਾਈਲ ਸਰਟੀਫਿਕੇਟ।
ੲ) ਪੁਰਸਕਾਰ ਦੀ ਗੱਜ਼ਟ ਨੋਟੀਫਿਕੇਸ਼ਨ।
ਸ) ਪੁਰਸਕਾਰ ਦੀ ਸਾਈਟੇਸ਼ਨ।
ਹ) ਹਲਫੀਆ ਬਿਆਨ (ਦਰਜਾ 1 ਮੈਜਿਸਟਰੇਟ ਤੋਂ ਤਸਦੀਕ ਕੀਤਾ ਹੋਇਆ)
ਕ) ਰੀਕਾਰਡ ਦਫ਼ਤਰ/ਆਰਮੀ ਹੈਡ ਕੁਆਰਟਰ ਤੋਂ ਘਰ ਦੇ ਪਤੇ ਬਾਰੇ ਸਰਟੀਫਿਕੇਟ।

6. *ਪੁਰਸਕਾਰ ਵਿਜੇਤਾਵਾਂ ਨੂੰ ਪੈਨਸ਼ਨ :*

ਪਾਤਰਤਾ: ਸਰਕਾਰ ਵੱਲੋਂ ਸਤੰਬਰ 1999 ਤੋਂ ਪਰਮਵੀਰ ਚੱਕਰ, ਮਹਾਂਵੀਰ ਚੱਕਰ ਅਤੇ ਵੀਰ ਚੱਕਰ ਪੁਰਸਕਾਰ ਵਿਜੇਤਾਵਾ ਨੂੰ 1500/- ਪ੍ਰਤੀ ਮਹੀਨਾ ਪੈਨਸ਼ਨ ਭੱਤਾ ਦਿੱਤਾ ਜਾਂਦਾ ਹੈ।

7. *ਵਿਕਟੋਰੀਆ ਕਰਾਸ/ਪਰਮਵੀਰ ਚੱਕਰ ਵਿਜੇਤਾਵਾਂ ਲਈ ਪੈਨਸ਼ਨ:*

ਸਰਕਾਰ ਵੱਲੋਂ ਇਹਨਾਂ ਪੁਰਸਕਾਰ ਵਿਜੇਤਾਵਾਂ ਜਾਂ ਉਹਨਾਂ ਦੀਆਂ ਵਿਧਵਾਵਾਂ ਜਾਂ ਮਾਪਿਆਂ ਨੂੰ ਮਿਤੀ 1-1-1980 ਤੋਂ 500/- ਰੁ: ਪ੍ਰਤੀ ਮਹੀਨਾ ਪੈਨਸ਼ਨ ਦਿੱਤੀ ਜਾਂਦੀ ਹੈ।

*ਪ੍ਰਾਪਤ ਕਰਨ ਦੀ ਵਿਧੀ:* ਪੈਰਾ ਨੰਬਰ 5 ਵਿੱਚ ਦਰਸਾਈ ਵਿਧੀ ਅਨੁਸਾਰ।

8. *ਜੰਗੀ ਵਿਧਵਾਵਾਂ ਨੂੰ ਸਫ਼ਰੀ ਭੱਤਾ:*

ਮਿਤੀ 1-4-99 ਤੋਂ ਜੰਗੀ ਵਿਧਵਾਵਾਂ ਨੂੰ 150/- ਰੁ: ਪ੍ਰਤੀ ਮਹੀਨਾ ਦਿੱਤਾ ਜਾ ਰਿਹਾ ਹੈ।

*ਪਾਤਰਤਾ:* ਸਾਲ 1947, 1962, 1965, 1971 ਵਿੱਚ ਸ਼ਹੀਦ ਹੋਏ ਸੈਨਿਕਾਂ ਦੀਆਂ ਵਿਧਵਾਵਾਂ ਨੂੰ ਇਹ ਲਾਭ ਲਾਗੂ ਹੈ।

*ਪ੍ਰਾਪਤ ਕਰਨ ਦੀ ਵਿਧੀ:* ਜੰਗੀ ਵਿਧਵਾਵਾਂ ਨੂੰ ਆਪਣਾ ਬੈਂਕ ਖਾਤਾ ਲੈ ਕੇ ਜ਼ਿਲ੍ਹਾ ਸੈਨਿਕ ਭਲਾਈ ਅਫ਼ਸਰ ਨੂੰ ਸਧਾਰਨ ਕਾਗਜ਼ ਤੇ ਅਰਜ਼ੀ ਦੇ ਕੇ ਪਹੁੰਚ ਕਰਨੀ ਚਾਹੀਦੀ ਹੈ।

9. *ਬੁਢਾਪਾ ਮਾਲੀ ਸਹਾਇਤਾ:* ਰਾਸ਼ੀ 500 ਰੁ: ਪ੍ਰਤੀ ਮਹੀਨੇ ਦੀ ਦਰ ਨਾਲ।

ਪਾਤਰਤਾ: ਪਹਿਲੇ ਤੇ ਦੂਜੇ ਮਹਾਂਯੁੱਧ ਦੌਰਾਨ ਨੌਕਰੀ ਕੀਤੀ ਹੋਣੀ ਚਾਹੀਦੀ ਹੈ।

ਅ) ਰਲੀਜ਼ ਜਾਂ ਰੀਡਕਸ਼ਨ ਆਫ਼ ਇੰਡੀਅਨ ਆਰਮੀ ਦੇ ਕਾਰਨਾਂ ਵਿੱਚੋਂ ਇੱਕ ਲਾਜ਼ਮੀ ਹੋਣਾ ਚਾਹੀਦਾ ਹੈ।
ੲ) ਸਾਰੇ ਵਸੀਲਿਆਂ ਤੋਂ ਸਲਾਨਾ ਆਮਦਨ 12000/- ਰੁ: ਤੋਂ ਘੱਟ ਹੋਣੀ ਚਾਹੀਦੀ ਹੈ।
ਸ) ਕਿਸੇ ਹੋਰ ਵਸੀਲੇ ਤੋਂ ਪੈਨਸ਼ਨ ਪ੍ਰਾਪਤ ਕਰਦਾ ਨਹੀਂ ਹੋਣਾ ਚਾਹੀਦਾ।

*ਪ੍ਰਾਪਤ ਜਾਂ ਪਹੁੰਚ ਕਰਨ ਦੀ ਵਿਧੀ:* ਜੋ ਵੀ ਵਿਅਕਤੀ ਉਪਰੋਕਤ ਸ਼ਰਤਾਂ ਪੂਰੀਆਂ ਕਰਦਾ ਹੋਵੇ, ਉਹ ਆਪਣੀ ਅਰਜ਼ੀ ਨਿਰਧਾਰਿਤ ਪ੍ਰੋਫਾਰਮੇ ਤੇ ਭੇਜ ਕੇ ਪਹੁੰਚ ਕਰ ਸਕਦਾ ਹੈ। ਕੇਸ ਡਾਇਰੈਕਟੋਰੇਟ ਤੋਂ ਮਨਜ਼ੂਰ ਹੋਣ ਉਪਰੰਤ ਮਾਲੀ ਸਹਾਇਤਾ ਸ਼ੁਰੂ ਕੀਤੀ ਜਾਂਦੀ ਹੈ।

10. *ਪੂਰਨ ਤੌਰ ਤੇ ਨੇਤਰਹੀਨ ਸਾਬਕਾ ਸੈਨਿਕਾਂ ਜਾਂ ਵਿਧਵਾਵਾਂ ਨੂੰ ਮਾਲੀ ਸਹਾਇਤਾ ਰੁ:* ***500/-*** *ਪ੍ਰਤੀ ਮਾਹ:*

*ਪਾਤਰਤਾ:* ੳ) 100% ਨੇਤਰਹੀਨ ਸਾਬਕਾ ਸੈਨਿਕ, ਵਿਧਵਾ ਜਾਂ ਵਿਧਵਾਵਾਂ (ਜੋ ਵੀ ਹੋਵੇ) ਇਸ ਸਬੰਧ ਵਿੱਚ ਸਿਵਲ ਸਰਜਨ ਤੋਂ ਸਰਟੀਫਿਕੇਟ ਪ੍ਰਾਪਤ ਕਰਨਾ ਬਣਦਾ ਹੈ।

*ਪ੍ਰਾਪਤ ਕਰਨ ਦੀ ਵਿਧੀ:* ਲਾਭ ਪਾਤਰੀ ਨੂੰ ਸਮੇਤ ਸਿਵਲ ਸਰਜਨ ਤੋਂ ਪ੍ਰਾਪਤ ਕੀਤਾ ਸਰਟੀਫਿਕੇਟ ਤੇ ਸਾਧਾਰਨ ਅਰਜ਼ੀ ਲੈ ਕੇ ਦਫ਼ਤਰ ਵਿਖੇ ਪੇਸ਼ ਕਰਨੀ ਚਾਹੀਦੀ ਹੈ। ਮਾਲੀ ਸਹਾਇਤਾ ਡਾਇਰੈਕਟੋਰੇਟ, ਸੈਨਿਕ ਭਲਾਈ ਪੰਜਾਬ ਤੋਂ ਮਨਜ਼ੂਰੀ ਉਪਰੰਤ ਚਾਲੂ ਕੀਤੀ ਜਾਂਦੀ ਹੈ।

13. ***ਸਾਬਕਾ ਸੈਨਿਕਾਂ ਜਾਂ ਉਹਨਾਂ ਦੀਆਂ ਵਿਧਵਾਵਾਂ ਜਾਂ ਯਤੀਮ ਬੱਚਿਆਂ ਨੂੰ ਵੱਖ-ਵੱਖ ਕੋਰਸਾਂ ਵਿੱਚ ਰਾਖਵੇਂ ਕੋਟੇ ਰਾਹੀਂ ਦਾਖਲਾ ਲੈਣ ਲਈ ਸਰਟੀਫਿਕੇਟ ਜਾਰੀ ਕਰਨਾ :-***

*ਪਾਤਰਤਾ:* ਸਾਬਕਾ ਸੈਨਿਕ ਜਾਂ ਉਹਨਾਂ ਦੀਆਂ ਵਿਧਵਾਵਾਂ ਦੇ ਬੱਚੇ ਤੇ ਯਤੀਮ ਬੱਚੇ ਇਹ ਸਰਟੀਫਿਕੇਟ ਹਾਸਲ ਕਰਨ ਦੇ ਹੱਕਦਾਰ ਹਨ।

*ਪ੍ਰਾਪਤ ਕਰਨ ਦੀ ਵਿਧੀ:* ਸਾਬਕਾ ਸੈਨਿਕ ਜਾਂ ਵਿਧਵਾਵਾਂ ਦੇ ਬੱਚੇ ਜਾਂ ਯਤੀਮ ਬੱਚੇ ਜਿਸ ਕੋਰਸ ਵਿੱਚ ਉਹਨਾਂ ਨੇ ਆਪਣੇ ਕੋਟੇ ਵਿੱਚੋਂ ਦਾਖਲਾ ਪ੍ਰਾਪਤ ਕਰਨਾ ਹੈ, ਦੇ ਸਬੰਧ ਵਿੱਚ ਪਰਾਸਪੈਕਟ ਤੇ ਆਪਣੇ ਪਿਤਾ ਦੇ ਸਰਵਿਸ ਸਰਟੀਫਿਕੇਟ ਲੈ ਕੇ ਨਿੱਜੀ ਰੂਪ ਵਿੱਚ ਦਫ਼ਤਰ ਵਿੱਚ ਪੇਸ਼ ਹੋ ਕੇ ਸਰਟੀਫਿਕੇਟ ਪ੍ਰਾਪਤ ਕਰਨ ਲਈ ਅਰਜ਼ੀ ਦੇ ਸਕਦੇ ਹਨ।

14. ***ਨੌਕਰੀਆਂ ਸਬੰਧੀ ਆਸਰਿਤ ਸਰਟੀਫਿਕੇਟ ਜਾਰੀ ਕਰਨ ਬਾਰੇ:***

*ਪਾਤਰਤਾ:* ਸਾਬਕਾ ਸੈਨਿਕ, ਉਹਨਾਂ ਦੀਆਂ ਵਿਧਵਾਵਾਂ ਅਤੇ ਬੱਚੇ।

*ਪ੍ਰਾਪਤ ਕਰਨ ਦੀ ਵਿਧੀ:* ਸਾਬਕਾ ਸੈਨਿਕਾਂ ਦੇ 13% ਰਾਖਵੇਂ ਕੋਟੇ ਚੋਂ ਨੌਕਰੀ ਪ੍ਰਾਪਤ ਕਰਨ ਹਿੱਤ ਸਾਬਕਾ ਸੈਨਿਕਾਂ ਨੂੰ ਸਾਬਕਾ ਸੈਨਿਕ ਸਰਟੀਫਿਕੇਟ ਤੇ ਵਿਧਵਾਵਾਂ ਅਤੇ ਬੱਚਿਆਂ ਨੂੰ ਆਸਰਿਤ ਸਰਟੀਫਿਕੇਟ ਨਿਰਧਾਰਿਤ ਪ੍ਰੋਫਾਰਮੇ ਤੇ ਜਾਰੀ ਕੀਤੇ ਜਾਂਦੇ ਹਨ, ਜਿਸ ਲਈ ਲਾਭਪਾਤਰੀ/ਸਾਬਕਾ ਸੈਨਿਕ ਨੂੰ ਸਰਵਿਸ ਰਿਕਾਰਡ ਅਤੇ ਲੋੜੀਂਦੇ ਯੋਗਤਾ ਦੇ ਸਰਟੀਫਿਕੇਟ ਲੈ ਕੇ ਸਧਾਰਨ ਅਰਜ਼ੀ ਜ਼ਿਲ੍ਹਾ ਸੈਨਿਕ ਭਲਾਈ ਅਫ਼ਸਰ ਨੂੰ ਨਿੱਜੀ ਰੂਪ ਵਿੱਚ ਪੇਸ਼ ਹੋ ਕੇ ਦੇਣੀ ਬਣਦੀ ਹੈ। ਬਹੁਤੀ ਜਾਣਕਾਰੀ ਲਈ ਦਫ਼ਤਰ ਨਾਲ ਸੰਪਰਕ ਪੈਦਾ ਕੀਤਾ ਜਾ ਸਕਦਾ ਹੈ।

15. *ਟ੍ਰੇਨਿੰਗ:*

ਇਸ ਮਹਿਕਮੇ ਵੱਲੋਂ ਸਾਬਕਾ ਸੈਨਿਕਾਂ ਜਾਂ ਉਹਨਾਂ ਦੀਆਂ ਵਿਧਵਾਵਾਂ ਦੇ ਬੱਚਿਆਂ ਲਈ ਸੈਨਾ ਜਾਂ ਅਰਧ ਸੈਨਿਕ ਬਲਾਂ ਵਿੱਚ ਭਰਤੀ ਹੋਣ ਲਈ ਪ੍ਰੀ-ਰਿਕਰੂਟਮੈਂਟ ਟ੍ਰੇਨਿੰਗ ਦਿੱਤੀ ਜਾਂਦੀ ਹੈ, ਜਿਸ ਲਈ ਖੇਤਰੀ ਲੀਡਿੰਗ ਅਖਬਾਰਾਂ ਵਿੱਚ ਇਸ ਦਾ ਇਸ਼ਤਿਹਾਰ ਦਿੱਤਾ ਜਾਂਦਾ ਹੈ ਇਸ ਲਈ ਨਿੱਜੀ ਰੂਪ ਵਿੱਚ ਇਸ ਦਫ਼ਤਰ ਵਿਖੇ ਸੰਪਰਕ ਕਰਕੇ ਜਾਣਕਾਰੀ ਵੀ ਪ੍ਰਾਪਤ ਕੀਤੀ ਜਾ ਸਕਦੀ ਹੈ ਅਤੇ ਟ੍ਰੇਨਿੰਗ ਲਈ ਦਾਖਲਾ ਵੀ ਲਿਆ ਜਾ ਸਕਦਾ ਹੈ।

16. *ਕੰਪਿਊਟਰ ਕੋਰਸ:*

ਇਸ ਮਹਿਕਮੇ ਵੱਲੋਂ ਸਾਬਕਾ ਸੈਨਿਕ ਜਾਂ ਉਹਨਾਂ ਦੀਆਂ ਵਿਧਵਾਵਾਂ ਅਤੇ ਨੌਕਰੀ ਕਰ ਰਹੇ ਸੈਨਿਕਾਂ ਦੇ ਬੱਚਿਆਂ ਨੂੰ 1 ਸਾਲ ਦੇ ਕੰਪਿਊਟਰ ਐਪਲੀਕੇਸ਼ਨ ਕੋਰਸ ਦੀ ਮੁਫ਼ਤ ਟ੍ਰੇਨਿੰਗ ਦਿੱਤੀ ਜਾਂਦੀ ਹੈ।

*ਪਾਤਰਤਾ ਅਤੇ ਪਹੁੰਚ ਕਰਨ ਦੀ ਵਿਧੀ:* ਸਾਬਕਾ ਸੈਨਿਕ ਤੇ ਉਹਨਾਂ ਦੇ ਬੱਚੇ-ਯੋਗਤਾ ਬੀ.ਏ. ਫਾਈਨਲ, 10+2 ਮੈਡੀਕਲ ਅਤੇ ਨਾਨ-ਮੈਡੀਕਲ/ਕਾਮਰਸ। ਇਸ ਬਾਰੇ ਖੇਤਰੀ ਲੀਡਿੰਗ ਪੇਪਰਾਂ ਵਿੱਚ ਇਸ਼ਤਿਹਾਰ ਦੇ ਕੇ ਸਤੰਬਰ/ਅਕਤੂਬਰ ਮਹੀਨੇ ਵਿੱਚ ਅਰਜ਼ੀਆਂ ਮੰਗੀਆਂ ਜਾਂਦੀਆਂ ਹਨ। ਪ੍ਰਾਪਤ ਬਿਨੈਕਾਰਾਂ ਦਾ ਇਸ ਦਫ਼ਤਰ ਵਿਖੇ ਕੰਪੀਟੀਸ਼ਨ ਟੈਸਟ ਲਿਆ ਜਾਂਦਾ ਹੈ ਤੇ ਮੈਰਿਟ ਦੇ ਅਧਾਰ ਤੇ ਦਾਖਲਾ ਦਿੱਤਾ ਜਾਂਦਾ ਹੈ।

17. ***ਪੈਰਾਪਲੱਜ ਕੇਸਾਂ ਨੂੰ 20,000/- ਰੁਪਏ ਲੈਟਰੀਨ/ਬਾਥਰੂਮ ਬਨਾਉਣ ਲਈ ਗ੍ਰਾਂਟ ਦੇਣ ਬਾਰੇ:***

*ਪਾਤਰਤਾ:* ੳ) 100% ਬੈੱਡ ਰਿਡਨ ਪੈਰਾਪਲੱਜ (ਅ) ਨਾਨਇਨਮੇਟ, ਪੈਰਾਪਲੱਜ ਹੋਮ, ਮੋਹਾਲੀ।

*ਪ੍ਰਾਪਤ ਕਰਨ ਦੀ ਵਿਧੀ:* ਲਾਭ ਪਾਤਰ ਨੂੰ ਨਿਰਧਾਰਿਤ ਪ੍ਰੋਫਾਰਮੇ ਤੇ ਸਮੇਤ ਮੈਡੀਕਲ ਸਰਟੀਫਿਕੇਟ ਇਸ ਦਫ਼ਤਰ ਨੂੰ ਅਪਲਾਈ ਕਰਨਾ ਹੁੰਦਾ ਹੈ, ਜਿਸ ਤੇ ਡਿਪਟੀ ਕਮਿਸ਼ਨਰ ਜੀ ਵੱਲੋਂ ਸਿਫ਼ਾਰਸ਼ ਕਰਕੇ ਕੇਸ ਮਨਜ਼ੂਰੀ ਹਿੱਤ ਸਰਕਾਰ ਨੂੰ ਭੇਜਿਆ ਜਾਂਦਾ ਹੈ, ਜੋ ਮਨਜ਼ੂਰੀ ਪ੍ਰਾਪਤ ਹੋਣ ਤੇ ਲਾਭ ਪਾਤਰੀ ਨੂੰ ਅਦਾਇਗੀ ਕੀਤੀ ਜਾਂਦੀ ਹੈ।

**18.** ***ਸ਼ਾਦੀ ਗ੍ਰਾਂਟ-ਰਾਸ਼ੀ 5,000/- ਰੁਪਏ***

ਪਾਤਰਤਾ:

ੳ) ਲਾਭ ਪਾਤਰੀ ਦੀ ਸਾਰੇ ਵਸੀਲਿਆਂ ਤੋਂ ਸਲਾਨਾ ਆਮਦਨ 25000/- ਰੁਪਏ ਤੋਂ ਘੱਟ ਹੋਣੀ ਚਾਹੀਦੀ ਹੈ।

ਅ) ਇਹ ਸ਼ਰਤ ਜੰਗੀ ਵਿਧਵਾਵਾਂ, ਨਕਾਰਾ ਸੈਨਿਕਾਂ, ਹਾਜ਼ਰ ਨੌਕਰੀ ਵਿੱਚ ਮਾਰੇ ਗਏ ਸੈਨਿਕਾਂ ਦੇ ਪਰਿਵਾਰਾਂ ਅਤੇ ਯਤੀਮ ਲੜਕੀਆਂ ਤੇ ਲਾਗੂ ਨਹੀਂ ਹੁੰਦੀ ਹੈ।

*ਪ੍ਰਾਪਤ ਕਰਨ ਦੀ ਵਿਧੀ:* ਲਾਭਪਾਤਰੀ ਆਪਣੀ ਲੜਕੀ ਦੀ ਸ਼ਾਦੀ ਦੀ ਮਿਤੀ ਨਿਸ਼ਚਿਤ ਕਰਕੇ ਇਸ ਦਫ਼ਤਰ ਨੂੰ ਅਰਜ਼ੀ ਦੇ ਸਕਦਾ ਹੈ। ਕੇਸ ਦੀ ਇਸ ਦਫ਼ਤਰ ਵੱਲੋਂ ਪੜਤਾਲ ਕੀਤੀ ਜਾਂਦੀ ਹੈ। ਕੇਸ ਯੋਗ ਪਾਉਣ ਤੇ ਡਿਪਟੀ ਕਮਿਸ਼ਨਰ ਜੀ ਵੱਲੋਂ ਸਿਫ਼ਾਰਸ਼ ਕਰਕੇ ਕੇਸ ਸਰਕਾਰ ਨੂੰ ਭੇਜਿਆ ਜਾਂਦਾ ਹੈ। ਕੇਸ ਸਰਕਾਰ ਤੋਂ ਮਨਜ਼ੂਰ ਹੋਣ ਉਪਰੰਤ ਲਾਭਪਾਤਰੀ ਨੂੰ ਅਦਾਇਗੀ ਕੀਤੀ ਜਾਂਦੀ ਹੈ।

**19.** *ਵਾਰ ਜਗੀਰ:*

*ਪਾਤਰਤਾ:* ਪੂਰਬ ਪੰਜਾਬ ਅਵਾਰਡਜ਼ 1948 ਜੋ ਕਿ ਸਮੇਂ-ਸਮੇਂ ਸਿਰ ਸੋਧਿਆ ਗਿਆ ਹੈ ਅਨੁਸਾਰ, ਉਹਨਾਂ ਸੈਨਿਕਾਂ ਦੇ ਮਾਤਾ-ਪਿਤਾ, ਜਿਨ੍ਹਾਂ ਦੇ ਬੱਚਿਆਂ ਨੇ ਦੂਜੀ ਸੰਸਾਰ ਜੰਗ ਅਤੇ ਭਾਰਤ ਦੇ ਰਾਸ਼ਟਰਪਤੀ ਜੀ ਵੱਲੋਂ 1962 ਅਤੇ 1971 ਵਿੱਚ ਐਲਾਨੇ ਗਏ ਸੰਕਟ ਕਾਲਾਂ ਦੇ ਦੌਰਾਨ ਸੇਵਾ ਕੀਤੀ ਹੈ, ਦੇ ਹੱਕਦਾਰ ਬਣਦੇ ਹਨ। ਜਿਨ੍ਹਾਂ ਮਾਤਾ-ਪਿਤਾ ਦਾ ਇੱਕ ਹੀ ਪੁੱਤਰ ਜਾਂ ਇੱਕ ਹੀ ਬੱਚਾ, ਦੋ ਪੁੱਤਰ ਜਾਂ ਦੋ ਬੱਚੇ, ਤਿੰਨ ਜਾਂ ਇਸ ਤੋਂ ਵੱਧ ਬੱਚਿਆਂ ਨੇ ਇਸ ਸਮੇਂ ਦੌਰਾਨ ਸੇਵਾ ਕੀਤੀ ਹੈ ਇਹ ਲਾਭ ਲੈਣ ਦੇ ਹੱਕਦਾਰ ਹਨ।

*ਪ੍ਰਾਪਤ ਕਰਨ ਦੀ ਵਿਧੀ :*

ਯੋਗ ਲਾਭ ਪਾਤਰੀ ਵੱਲੋਂ ਆਪਣਾ/ਬੱਚੇ/ਬੱਚਿਆਂ ਦਾ ਫੌਜੀ ਸੇਵਾ ਦਾ ਪ੍ਰਮਾਣ ਨਿਰਧਾਰਿਤ ਪ੍ਰੋਫਾਰਮੇ ਉਪਰ ਸਬੰਧਿਤ ਰਿਕਾਰਡ ਦਫ਼ਤਰ ਆਰਮੀ ਹੈਡਕੁਆਰਟਰ ਤੋਂ ਪ੍ਰਾਪਤ ਕਰਕੇ ਇਸ ਦਫ਼ਤਰ ਵਿੱਚ ਇਹ ਪ੍ਰਮਾਣ ਪੱਤਰ ਦੇਣ ਉਪਰੰਤ ਨਿਰਧਾਰਿਤ ਪ੍ਰੋਫਾਰਮੇ ਉੱਪਰ ਅਰਜ਼ੀ ਦੇਣੀ ਹੁੰਦੀ ਹੈ ਅਤੇ ਸਾਰਾ ਕੇਸ ਮੁਕੰਮਲ ਕਰਵਾਉਣਾ ਹੁੰਦਾ ਹੈ। ਕੇਸ ਮੁਕੰਮਲ ਹੋਣ ਉਪਰੰਤ ਉਸਦੀ ਪੜਤਾਲ ਇਸ ਦਫ਼ਤਰ ਦੇ ਭਲਾਈ ਕਰਮਚਾਰੀ ਰਾਹੀਂ ਕਰਵਾਈ ਜਾਂਦੀ ਹੈ ਅਤੇ ਕੇਸ ਹਰ ਪੱਖੋਂ ਯੋਗ ਪਾਏ ਜਾਣ ਤੇ ਹਸਤਾਖਰਾਂ ਉਪਰੰਤ ਡਾਇਰੈਕਟਰ, ਸੈਨਿਕ ਭਲਾਈ ਪੰਜਾਬ ਨੂੰ ਭੇਜਿਆ ਜਾਂਦਾ ਹੈ, ਕਿ ਇਸ ਦੀ ਘੋਖ ਉਪਰੰਤ ਕੇਸ ਸਹੀ ਪਾਏ ਜਾਣ ਤੇ ਇਸ ਨੂੰ ਪੰਜਾਬ ਸਰਕਾਰ ਦੀ ਪ੍ਰਵਾਨਗੀ ਹਿੱਤ ਭੇਜਿਆ ਜਾਂਦਾ ਹੈ। ਕਿਸੇ ਦੀ ਪ੍ਰਵਾਨਗੀ ਮਿਲਣ ਉਪਰੰਤ ਸਰਕਾਰ ਤੋਂ ਲੋੜੀਂਦੇ ਬਜਟ ਦੀ ਮੰਗ ਕਰਕੇ ਅਤੇ ਬਜਟ ਪ੍ਰਾਪਤ ਹੋਣ ਤੇ ਲਾਭ ਪਾਤਰਾਂ ਨੂੰ ਅਦਾਇਗੀ ਦਿੱਤੀ ਜਾਂਦੀ ਹੈ। ਇਸ ਲਈ ਸਹਾਇਤਾ 100/- ਰੁ: ਪ੍ਰਤੀ ਮਹੀਨਾ ਹੈ।

**20.** *ਸਾਕਾ ਨੀਲਾ ਤਾਰਾ:*

*ਪਾਤਰਤਾ:* ਜਿਹੜੇ ਕੋਈ ਜਵਾਨ 1984 ਵਿੱਚ ਸੇਵਾ ਕਰਦੇ ਸਨ ਅਤੇ ਇਸ ਸਮੇਂ ਦੇ ਦੌਰਾਨ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ 'ਸਾਕਾ ਨੀਲਾ ਤਾਰਾ' ਦੀ ਘਟਨਾ ਵਾਪਰ ਜਾਣ ਤੇ ਆਪਣੇ ਧਾਰਮਿਕ ਉਤਸ਼ਾਹ ਵਿੱਚ ਆ ਕੇ ਭਗੌੜੇ ਹੋ ਗਏ ਸਨ ਅਤੇ ਸ਼ਹੀਦੀ ਪਾ ਗਏ ਸਨ, ਉਹ ਭਗੌੜੇ ਧਰਮੀ ਫੌਜੀ ਜਿਨ੍ਹਾਂ ਨੂੰ ਕਿਸੇ

ਕਾਰਨ ਅਜੇ ਤੱਕ ਕਿਸੇ ਵੀ ਆਧਾਰ ਵਿੱਚ ਨੌਕਰੀ ਪ੍ਰਾਪਤ ਨਹੀਂ ਹੋਈ, ਮਾਸਿਕ ਗੁਜ਼ਾਰਾ ਭੱਤਾ ਲੈਣ ਦੇ ਹੱਕਦਾਰ ਹਨ ।

*ਪ੍ਰਾਪਤ ਕਰਨ ਦੀ ਵਿਧੀ:*

ਕਿਉਂਕਿ ਇਹ ਸਾਰਾ ਕੰਮ 1984 ਵਿੱਚ ਵਾਪਰੇ ਸਾਕਾ 'ਨੀਲਾ ਤਾਰਾ' ਨਾਲ ਸਬੰਧਿਤ ਸੀ ਅਤੇ ਇਸ ਸਬੰਧੀ ਸਾਰੀਆਂ ਬਣਦੀਆਂ ਕਾਰਵਾਈਆਂ ਮੁਕੰਮਲ ਹੋਣ ਉਪਰੰਤ ਯੋਗ ਬਣਦੇ ਕੇਸਾਂ ਨੂੰ ਹੇਠ ਲਿਖੇ ਅਨੁਸਾਰ ਮਾਸਿਕ ਗੁਜ਼ਾਰੇ ਭੱਤੇ ਦੀ ਅਦਾਇਗੀ ਕੀਤੀ ਜਾ ਰਹੀ ਹੈ । ਇਸ ਵਿਸ਼ੇ ਸਬੰਧੀ ਕਿਸੇ ਵੀ ਨਵੇਂ ਕੇਸ ਤੇ ਵਿਚਾਰ ਕਰਨ ਦੀ ਕੋਈ ਵੀ ਗੁੰਜਾਇਸ਼ ਨਹੀਂ ਹੈ ਇਸ ਲਈ ਇਸ ਸਬੰਧ ਵਿੱਚ ਹੋਰ ਕਿਸੇ ਕਾਰਜ ਦੀ ਲੋੜ ਨਹੀਂ ਹੈ ।

ੳ) ਸ਼ਹੀਦ ਧਰਮੀ ਫੌਜੀ ਦੀ ਮਾਤਾ ਜੀ ਨੂੰ 2500/- ਰੁਪਏ ਮਹੀਨਾ ਮਾਸਿਕ ਗੁਜ਼ਾਰਾ ਭੱਤਾ ਦਿੱਤਾ ਜਾਂਦਾ ਹੈ ।

ਅ) ਧਰਮੀ ਫੌਜੀ ਨੂੰ 1500/- ਰੁਪਏ ਪ੍ਰਤੀ ਮਹੀਨਾ ਮਾਸਿਕ ਗੁਜਾਰਾ ਭੱਤਾ ਦਿੱਤਾ ਜਾਂਦਾ ਹੈ ।

21. *ਕੈਸ਼ ਅਵਾਰਡ ਗਲੈਂਟਰੀ ਅਵਾਰਡੀਜ਼*

ਮਿਤੀ 6.11.2002 ਤੋਂ ਪੰਜਾਬ ਸਰਕਾਰ ਵੱਲੋਂ ਗਲੈਂਟਰੀ ਅਵਾਰਡੀਜ ਨੂੰ ਜ਼ਮੀਨ ਦੀ ਥਾਂ ਨਕਦ ਰਾਸ਼ੀ ਕੈਸ਼ ਅਵਾਰਡ, ਮਹੀਨਾਵਾਰ ਅਲਾਊਂਸ ਅਤੇ ਮਹੀਨਾਵਾਰ ਪੈਨਸ਼ਨ ਦੀ ਜਗ੍ਹਾ, ਯਕਮੁਕਤ ਰਾਸ਼ੀ ਨਿਮਨਲਿਖਤ ਅਨੁਸਾਰ ਦੇਣ ਦੀ ਮੰਜ਼ੂਰੀ ਦਿੱਤੀ ਹੈ:-

| *ਲੜੀ ਨੰ:* | *ਪੁਰਸਕਾਰ* | *ਯਕਮੁਕਤ ਰਾਸ਼ੀ* |
|---|---|---|
| 1. | ਪਰਮਵੀਰ ਚੱਕਰਾ | 25,00,000/- |
| 2. | ਮਹਾਂਵੀਰ ਚੱਕਰਾ | 15,00,000/- |
| 3. | ਵੀਰ ਚੱਕਰਾ | 10,00,000/- |
| 4. | ਅਸ਼ੋਕ ਚੱਕਰਾ | 25,00,000/- |
| 5. | ਕੀਰਤੀ ਚੱਕਰਾ | 15,00,000/- |
| 6. | ਸੋਰੀਆ ਚੱਕਰਾ | 10,00,000/- |
| 7. | ਸੈਨਾ ਮੈਂਡਲ | 5,00,000/- |
| 8. | ਮੈਨਸ਼ਨ ਇੰਨ ਡਿਸਪੈਚਿਜ | 2,50,000/- 27.5.2004 ਤੋਂ ਲਾਗੂ |

22. *ਸੀ.ਐਸ.ਡੀ. ਕੰਨਟੀਨ ਦੇ ਲਾਭ*

ਸਾਰੇ ਸਾਬਕਾ ਸੈਨਿਕਾਂ ਅਤੇ ਉਨ੍ਹਾਂ ਦੀਆਂ ਵਿਧਵਾਵਾਂ ਸੀ.ਐਸ.ਡੀ. ਕੰਨਟੀਨ ਲਾਭਾਂ ਦੇ ਹੱਕਦਾਰ ਹਨ । ਉਹ ਜ਼ਿਲ੍ਹਾ ਸੈਨਿਕ ਭਲਾਈ ਅਫ਼ਸਰ, ਮਾਨਸਾ ਵੱਲੋਂ ਜਾਰੀ ਕੀਤੇ ਸਾਬਕਾ ਸੈਨਿਕ ਸ਼ਨਾਖਤੀ ਕਾਰਡ ਰਾਹੀਂ ਕਿਸੇ ਵੀ ਸੀ.ਐਸ.ਡੀ. ਕੰਨਟੀਨ ਬਠਿੰਡਾ ਵਿੱਚੋਂ ਸਮਾਨ ਖਰੀਦ ਸਕਦੇ ਹਨ । ਇਸ ਜ਼ਿਲ੍ਹੇ ਲਈ ਸਾਰੀਆਂ ਸੀ.ਐਸ.ਡੀ. ਕੰਨਟੀਨਾਂ ਆਰਮੀ ਅਥਾਰਟੀ ਵੱਲੋਂ ਲਾਈਆਂ ਜਾਂਦੀਆਂ ਹਨ ਅਤੇ ਉਹ ਸਾਬਕਾ ਸੈਨਿਕ ਅਤੇ ਉਹਨਾਂ ਦੀਆਂ ਵਿਧਵਾਵਾਂ ਨੂੰ ਬਣਦੇ ਲਾਭ ਨਿਰਧਾਰਿਤ ਪੱਤਰ ਚੈਕ ਕਰਨ ਉਪਰੰਤ ਦੇ ਰਹੀਆਂ ਹਨ । ਸਾਬਕਾ ਸੈਨਿਕਾਂ ਨੂੰ ਮਿਲਦੀ ਨਿਰਧਾਰਿਤ ਸ਼ਰਾਬ ਸਬੰਧਿਤ ਸਟੇਸ਼ਨ ਹੈਡੱਕੁਆਟਰ ਤੋਂ ਸ਼ਰਾਬ ਦਾ ਕਾਰਡ ਬਣਵਾ ਕੇ ਮਿੱਥੀ ਗਈ ਕੰਨਟੀਨ ਤੋਂ ਲੈਣੀ ਬਣਦੀ ਹੈ । ਸੀ.ਐਸ.ਡੀ. ਕੰਨਟੀਨ ਤੋਂ ਕਮਰਸ਼ੀਅਲ ਗੱਡੀਆਂ ਖਰੀਦਣ ਲਈ ਨਿਰਧਾਰਿਤ ਪ੍ਰੋਫਾਰਮੇ ਸਾਰੇ ਸਬੰਧਤ ਸਟੇਸ਼ਨ ਹੈਡਕੁਆਟਰਾਂ ਤੋਂ ਤੇ ਇਸ ਦੇ ਨਾਲ ਹੀ ਨਾਲ ਇਸ ਦਫ਼ਤਰ ਵੱਲੋਂ ਵੀ ਲੋੜੀਂਦੀ ਪੜਤਾਲ ਉਪਰੰਤ ਹਸਤਾਖਰ ਕਰਕੇ ਦਿੱਤੇ ਜਾਂਦੇ ਹਨ ।